# ਮਰੀਜ਼ ਦੇ ਫੀਡਬੈਕ ਲਈ ਸਵਾਲ - ਇਮੋਜੀ ਸੰਸਕਰਣ

## ਇਹ ਸਰਵੇਖਣ ਕਿਸ ਲਈ ਹੈ?

ਇਹ ਸਰਵੇਖਣ ਨੈਸ਼ਨਲ ਕਲੀਨੀਕਲ ਆਡਿਟ ਦਾ ਹਿੱਸਾ ਹੈ ਜਿਸ ਦਾ ਮਕਸਦ ਹਸਪਤਾਲ ਵਿਚ ਉਨ੍ਹਾਂ ਲੋਕਾਂ ਨੂੰ ਮਿਲਣ ਵਾਲੀ ਦੇਖਭਾਲ ਵਿਚ ਸੁਧਾਰ ਲਿਆਉਣਾ ਹੈ ਜਿਨ੍ਹਾਂ ਨੂੰ ਸਮਝ ਨਾ ਆਉਣ ਜਾਂ ਯਾਦਾਸ਼ਤ ਸੰਬੰਧੀ ਸਮੱਸਿਆਵਾਂ ਹਨ।

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਹਸਪਤਾਲ ਤੋਂ ਮਿਲੀ ਦੇਖਭਾਲ ਬਾਰੇ ਅਤੇ ਹਸਪਤਾਲ ਦੇ ਸਟਾਫ ਨਾਲ ਹੋਈ ਗੱਲ-ਬਾਤ ਬਾਰੇ ਆਪਣੇ ਵਿਚਾਰ ਸਾਂਝੇ ਕਰੋ।

ਇਸ ਵਿਚ 9 ਸਵਾਲ ਦੇਖਭਾਲ ਸੰਬੰਧੀ ਹਨ ਅਤੇ 3 ਤੁਹਾਡੀ ਜਾਣਕਾਰੀ ਸੰਬੰਧੀ, ਇਨ੍ਹਾਂ ਦੇ ਜਵਾਬ ਦੇਣ ਵਿਚ 10-15 ਮਿੰਟਾਂ ਤੋਂ ਜ਼ਿਆਦਾ ਦਾ ਸਮਾਂ ਨਹੀਂ ਲੱਗੇਗਾ।

## ਜਾਣਕਾਰੀ ਨਾਲ ਕੀ ਕੀਤਾ ਜਾਵੇਗਾ?

ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਦੀ ਮਦਦ ਨਾਲ ਇਸ ਹਸਪਤਾਲ ਨੂੰ ਅਤੇ ਹੋਰ ਹਸਪਤਾਲਾਂ ਨੂੰ ਇਹ ਦੇਖਣ ਵਿਚ ਮਦਦ ਮਿਲੇਗੀ ਕਿ ਉਹ ਕਿਨ੍ਹਾਂ ਗੱਲਾਂ ਵਿਚ ਵਧੀਆ ਕਰ ਰਹੇ ਹਨ ਅਤੇ ਕਿਨ੍ਹਾਂ ਵਿਚ ਸੁਧਾਰ ਕਰਨ ਦੀ ਲੋੜ ਹੈ, ਤਾਂਕਿ ਦੇਖਭਾਲ ਦੇ ਸਟੈਂਡਰਡ ਵਿਚ ਸੁਧਾਰ ਲਿਆਇਆ ਜਾ ਸਕੇ।

## ਮੇਰੀ ਗੁਪਤਤਾ ਦਾ ਧਿਆਨ ਕਿਵੇਂ ਰੱਖਿਆ ਜਾਵੇਗਾ?

ਇਸ ਵਿਚ ਮੰਗੀ ਜਾਣ ਵਾਲੀ ਜਾਣਕਾਰੀ ਤੋਂ ਤੁਹਾਡੇ ਪਛਾਣ ਨਹੀਂ ਹੋ ਸਕੇਗੀ। ਇਸ ਵਿਚ ਹਿੱਸਾ ਲੈਣਾ ਵਿਕਲਪਿਕ ਹੈ ਅਤੇ ਇਸ ਨਾਲ ਤੁਹਾਨੂੰ ਮਿਲਣ ਵਾਲੀ ਦੇਖਭਾਲ ਉੱਤੇ ਕੋਈ ਅਸਰ ਨਹੀਂ ਪਵੇਗਾ।

**ਕਿਰਪਾ ਕਰਕੇ ਉਸ ਹਸਪਤਾਲ ਦਾ ਨਾਂ ਦੱਸੋ ਜਿਸ ਵਿਚ ਤੁਹਾਨੂੰ ਦੇਖਭਾਲ ਮਿਲੀ:**

☐

**ਕਿਰਪਾ ਕਰਕੇ ਆਪਣੇ ਬਾਰੇ ਕੁਝ ਦੱਸੋ:**

- ☐ ਮੈਂ ਦਿਮਾਗੀ ਕਮਜ਼ੋਰੀ (ਡਿਮੈਂਸ਼ੀਆ) ਨਾਲ ਪੀੜਿਤ ਹਾਂ
- ☐ ਮੈਂ ਡਿਮੈਂਸ਼ੀਆ ਨਾਲ ਪੀੜਤ ਕਿਸੇ ਵਿਅਕਤੀ ਦਾ ਪਰਿਵਾਰਕ ਮੈਂਬਰ ਹਾਂ
- ☐ ਹੋਰ (ਜਿਵੇਂ ਇਕ ਸਵੈ-ਸੇਵਕ- ਕਿਰਪਾ ਕਰਕੇ ਹੇਠਾਂ ਬਾਕਸ ਵਿਚ ਦੱਸੋ):

☐

**ਕੀ ਹਸਪਤਾਲ ਵਿਚ ਦੇਖਭਾਲ ਕਰਨ ਵਾਲਾ ਸਟਾਫ ਤੁਹਾਡੀ ਸੁਣਦਾ ਸੀ ਅਤੇ ਤੁਹਾਡੀ ਲੋੜਾਂ ਨੂੰ ਸਮਝਦਾ ਸੀ?**

☐  ਹਾਂਜੀ, ਸਾਰੇ ਸਮਝਦੇ ਸਨ

☐  ਕੁਝ ਸਮਝਦੇ ਸਨ

☐  ਕੋਈ ਵੀ ਨਹੀਂ ਸਮਝਦਾ ਸੀ

**ਕੀ ਸਟਾਫ ਤੁਹਾਨੂੰ ਉਹ ਨਾਂ ਲੈ ਕੇ ਬੁਲਾਉਂਦਾ ਸੀ , ਜਿਸ ਨਾਂ ਨਾਲ ਤੁਸੀਂ ਚਾਹੁੰਦੇ ਸੀ ਤੁਹਾਨੂੰ ਬੁਲਾਇਆ ਜਾਵੇ?**

- ☐ ਹਾਂਜੀ, ਸਾਰੇ ਉਹ ਨਾਂ ਲੈਂਦੇ ਸਨ
- ☐ ਕੁਝ ਉਹ ਨਾਂ ਲੈਂਦੇ ਸਨ
- ☐ ਕੋਈ ਵੀ ਉਹ ਨਾਂ ਨਹੀਂ ਲੈਂਦਾ ਸੀ

**ਕੀ ਸਟਾਫ ਤੁਹਾਨੂੰ ਮਿਲ ਰਹੀ ਦੇਖਭਾਲ ਅਤੇ ਇਲਾਜ ਬਾਰੇ ਤੁਹਾਨੂੰ ਜਾਣਕਾਰੀ ਦਿੰਦਾ ਸੀ?**

- ☐ ਹਾਂਜੀ, ਹਮੇਸ਼ਾ
- ☐ ਕਦੇ-ਕਦੇ
- ☐ ਨਹੀਂ, ਕਦੇ ਨਹੀਂ

**ਜਦੋਂ ਤੁਹਾਨੂੰ ਮਦਦ ਦੀ ਲੋੜ ਹੁੰਦੀ ਸੀ, ਤਾਂ ਕੀ ਸਟਾਫ ਤੁਹਾਨੂੰ ਲੋੜੀਂਦਾ ਸਮਾਂ ਦਿੰਦਾ ਸੀ?**

- ☐ ਹਾਂਜੀ, ਹਮੇਸ਼ਾ
- ☐ ਕਦੇ-ਕਦੇ
- ☐ ਨਹੀਂ, ਕਦੇ ਨਹੀਂ
- ☐ ਮੈਨੂੰ ਲੋੜ ਨਹੀਂ ਪਈ (N/A)

**ਕੀ ਤੁਹਾਨੂੰ ਲੋੜ ਪੈਣ ਤੇ ਦਰਦ ਦੀ ਦਵਾਈ ਦਿੱਤੀ ਜਾਂਦੀ ਸੀ?**

- ☐ ਹਾਂਜੀ, ਹਮੇਸ਼ਾ
- ☐ ਕਦੇ-ਕਦੇ
- ☐ ਨਹੀਂ, ਕਦੇ ਨਹੀਂ
- ☐ ਮੈਨੂੰ ਲੋੜ ਨਹੀਂ ਪਈ (N/A)

**ਕੀ ਤੁਹਾਨੂੰ ਹਸਪਤਾਲ ਵਿਚ ਮਿਲਣ ਵਾਲਾ ਖਾਣਾ ਪਸੰਦ ਆਉਂਦਾ ਸੀ?**

- ☐ ਹਾਂਜੀ, ਹਮੇਸ਼ਾ
- ☐ ਕਦੇ-ਕਦੇ
- ☐ ਨਹੀਂ, ਕਦੇ ਨਹੀਂ

**ਤੁਹਾਡੇ ਹਸਪਤਾਲ ਵਿਚ ਹੁੰਦਿਆਂ ਕੀ ਤੁਹਾਨੂੰ ਮਿਲਣ ਲਈ ਲੋਕਾਂ ਨੂੰ ਆਉਣ ਦੀ ਇਜਾਜ਼ਤ ਸੀ?**

- ☐ ਹਾਂਜੀ
- ☐ ਕਦੇ-ਕਦੇ
- ☐ ਨਹੀਂ
- ☐ ਮੈਨੂੰ ਮਿਲਣ ਆਉਣ ਵਾਲਾ ਕੋਈ ਨਹੀਂ ਸੀ (N/A)

**ਕੀ ਉੱਥੇ ਹੁੰਦਿਆਂ ਤੁਹਾਡੇ ਨਾਲ ਇਜ਼ੱਤ-ਮਾਣ ਨਾਲ ਪੇਸ਼ ਆਇਆ ਗਿਆ ਸੀ?**

☐ ਹਾਂਜੀ, ਹਮੇਸ਼ਾ

☐ ਕਦੇ-ਕਦੇ

☐ ਨਹੀਂ, ਕਦੇ ਨਹੀਂ

**ਹਸਪਤਾਲ ਵਿਚ ਆਪਣੇ ਰਹਿਣ ਦਾ ਸਮਾਂ ਯਾਦ ਕਰਦਿਆਂ, ਤੁਹਾਨੂੰ ਮਿਲਣ ਵਾਲੀ ਦੇਖਭਾਲ ਬਾਰੇ ਤੁਸੀਂ ਕੀ ਕਹੋਗੇ:**

☐ ਬਹੁਤ ਵਧੀਆ

☐ ਠੀਕ

☐ ਵਧੀਆ ਨਹੀ

# ਤੁਹਾਡੇ ਬਾਰੇ

ਕਦੇ-ਕਦੇ ਲੋਕਾਂ ਦੀਆਂ ਲੋੜਾਂ ਅਤੇ ਤਰਜੀਹਾਂ ਵੱਖਰੀਆਂ ਹੁੰਦੀਆਂ ਹਨ, ਅਤੇ ਇਸ ਦਾ ਸੰਬੰਧ ਉਨ੍ਹਾਂ ਦੀ ਉਮਰ ਨਾਲ ਹੁੰਦਾ ਹੈ, ਤੇ ਇਸ ਨਾਲ ਕਿ ਕੀ ਉਹ ਇਕੱਲੇ ਰਹਿ ਰਹੇ ਹਨ ਜਾਂ ਹੋਰ ਕਾਰਨਾਂ ਨਾਲ ਜਿਵੇਂ ਕਿ ਧਰਮ। ਸਾਨੂੰ ਸਰਵੇਖਣ ਵਿਚ ਮਿਲੇ ਜਵਾਬਾਂ ਵਿਚ ਇਸ ਤਰ੍ਹਾਂ ਦੇ ਵਿਸ਼ੇ ਪਛਾਣਨ ਵਿਚ ਸਾਡੀ ਮਦਦ ਕਰਨ ਲਈ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਹੇਠਾਂ ਦਿੱਤੇ ਛੋਟੇ ਸਵਾਲਾਂ ਦੇ ਜਵਾਬ ਦਿਓ। ਇਨ੍ਹਾਂ ਦੇ ਜਵਾਬ ਦੇਣੇ ਵਿਕਲਪੀ ਹਨ ਅਤੇ ਇਨ੍ਹਾਂ ਦੇ ਜਵਾਬਾਂ ਤੋਂ ਤੁਹਾਡੀ ਪਹਿਚਾਣ ਨਹੀਂ ਕੀਤੀ ਜਾ ਸਕਦੀ।

ਇੱਥੇ ਇੱਕ ਲਿੰਕ ਦਿੱਤਾ ਗਿਆ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਾਨੂੰਨ ਦੇ ਮੁਤਾਬਕ ਕਿਵੇਂ ਇਸਤੇਮਾਲ ਕਰਾਂਗੇ।
https://www.rcpsych.ac.uk/about-us/legal/data-protection/privacy-notice-national-audits

**ਕਿਰਪਾ ਕਰਕੇ ਧਿਆਨ ਦਿਓ:** ਇਸ ਵਿਚ ਉਸ ਵਿਅਕਤੀ ਬਾਰੇ ਜਾਣਕਾਰੀ ਹੋਵੇ ਜੋ ਡਿਮੈਂਸ਼ੀਆ ਨਾਲ ਪੀੜਤ ਹੈ, ਭਾਵੇਂ ਕਿ ਇਸ ਜਾਣਕਾਰੀ ਨੂੰ ਉਸ ਲਈ ਕੋਈ ਹੋਰ ਭਰ ਰਿਹਾ ਹੈ।

ਤੁਹਾਡਾ ਲਿੰਗ ਕੀ ਹੈ?

- ☐ ਪੁਰਸ਼
- ☐ ਔਰਤ
- ☐ ਹੋਰ
- ☐ ਇਸ ਬਾਰੇ ਨਹੀਂ ਦੱਸਣਾ ਚਾਹੁੰਦੇ

ਤੁਹਾਡੀ ਉਮਰ ਕੀ ਹੈ?

- ☐ 18-24 ਸਾਲ
- ☐ 25-34 ਸਾਲ
- ☐ 35-44 ਸਾਲ
- ☐ 45-54 ਸਾਲ
- ☐ 55-64 ਸਾਲ
- ☐ 65-74 ਸਾਲ
- ☐ 75-84 ਸਾਲ
- ☐ 85 ਸਾਲ ਅਤੇ ਇਸ ਤੋਂ ਜ਼ਿਆਦਾ
- ☐ ਇਸ ਬਾਰੇ ਨਹੀਂ ਦੱਸਣਾ ਚਾਹੁੰਦੇ

ਕਿਰਪਾ ਕਰਕੇ ਆਪਣੀ ਨਸਲ ਦੱਸੋ:

- ☐ ਗੋਰਾ/ਗੋਰਾ ਬ੍ਰਿਟਿਸ਼
- ☐ ਕਾਲਾ/ਕਾਲਾ ਬ੍ਰਿਟਿਸ਼
- ☐ ਏਸ਼ਿਆਈ/ਏਸ਼ਿਆਈ ਬ੍ਰਿਟਿਸ਼
- ☐ ਰਲੀ-ਮਿਲੀ
- ☐ ਹੋਰ
- ☐ ਇਸ ਬਾਰੇ ਨਹੀਂ ਦੱਸਣਾ ਚਾਹੁੰਦੇ

**ਤੁਹਾਡੇ ਜਵਾਬਾਂ ਲਈ ਬਹੁਤ-ਬਹੁਤ ਧੰਨਵਾਦ।**